a2zpapers.com

Exam. Code : 216504
Subject Code : 4848

**M.A. (Punjabi) 4th Semester**

**PUNJABI NIKKI KAHANI**

**Paper–XVII**

Time Allowed—Three Hours] [Maximum Marks—80

**ਨੋਟ:—** ਇਸ ਪ੍ਰਸ਼ਨ ਪੱਤਰ ਦੇ ਕੁੱਲ **ਪੰਜ** ਭਾਗ ਹਨ। ਪਹਿਲੇ **ਚਾਰ** ਭਾਗਾਂ ਵਿੱਚੋਂ ਕਿਸੇ **ਇੱਕ-ਇੱਕ** ਪ੍ਰਸ਼ਨ ਦਾ ਉੱਤਰ ਦਿਉ। ਹਰੇਕ ਪ੍ਰਸ਼ਨ ਦੇ **15** ਅੰਕ ਹਨ। **ਪੰਜਵੇਂ** ਭਾਗ ਦੇ ਸਾਰੇ ਪ੍ਰਸ਼ਨ ਲਾਜ਼ਮੀ ਹਨ। ਇਸ ਭਾਗ ਦੇ ਹਰੇਕ ਪ੍ਰਸ਼ਨ ਦੇ **2** ਅੰਕ ਹਨ।

**ਭਾਗ–ਪਹਿਲਾ**

1. ਨਿੱਕੀ ਕਹਾਣੀ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਸਿਧਾਂਤਕ ਤੱਤਾਂ ਉੱਤੇ ਨੋਟ ਲਿਖੋ। 15
2. ਆਧੁਨਿਕ ਨਿੱਕੀ ਕਹਾਣੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਉੱਤੇ ਵਿਸਥਾਰ ਸਹਿਤ ਚਾਨਣਾ ਪਾਓ। 15

**ਭਾਗ–ਦੂਜਾ**

3. ਕੁਲਵੰਤ ਸਿੰਘ ਵਿਰਕ ਦੇ ਕਹਾਣੀ ਸੰਗ੍ਰਹਿ 'ਦੁਆਦਸ਼ੀ' ਦੇ ਕਥਾ ਵਸਤੂ ਦੇ ਵਿਭਿੰਨ ਪਾਸਾਰ ਕਿਹੜੇ-ਕਿਹੜੇ ਹਨ ? ਵਿਸਥਾਰਪੂਰਵਕ ਚਰਚਾ ਕਰੋ। 15
4. ਕਹਾਣੀ ਸੰਗ੍ਰਹਿ 'ਦੁਆਦਸ਼ੀ' ਦੇ ਆਧਾਰ ਤੇ ਵਿਰਕ ਦਾ ਪੰਜਾਬੀ ਕਹਾਣੀ ਵਿੱਚ ਸਥਾਨ ਨਿਸਚਿਤ ਕਰੋ। 15

**ਭਾਗ–ਤੀਜਾ**

5. 'ਮੌਤ ਅਲੀ ਬਾਬੇ ਦੀ' ਕਹਾਣੀ ਸੰਗ੍ਰਹਿ ਦੇ ਆਧਾਰ 'ਤੇ ਅਜੀਤ ਕੌਰ ਦਾ ਇਸਤਰੀ ਕਹਾਣੀਕਾਰਾਂ ਵਿੱਚ ਸਥਾਨ ਨਿਸਚਿਤ ਕਰੋ। 15



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab

a2zpapers.com

6. ਅਜੀਤ ਕੌਰ ਦੀ ਕਥਾਕਾਰੀ ਨੂੰ 'ਜ਼ਖਮੀ ਹਉਂ ਦਾ ਕੋਲਾਜ਼' ਕਿਹਾ ਗਿਆ ਹੈ। 'ਮੌਤ ਅਲੀ ਬਾਬੇ ਦੀ' ਕਹਾਣੀ ਸੰਗ੍ਰਹਿ ਦੇ ਆਧਾਰ ਤੇ ਇਸ ਕਥਨ ਨੂੰ ਸਪੱਸ਼ਟ ਕਰੋ। 15

**ਭਾਗ–ਚੌਥਾ**

7. 'ਵਾਰਸ' ਕਹਾਣੀ ਦੇ ਆਧਾਰ 'ਤੇ ਪੇਂਡੂ ਅਤੇ ਸ਼ਹਿਰੀ ਸੱਭਿਆਚਾਰ ਵਿਚਲੇ ਵਖਰੇਵੇਂ ਉੱਤੇ ਨੋਟ ਲਿਖੋ। 15

8. ਕਹਾਣੀ 'ਨਰਬਲੀ' ਵਿੱਚ ਇਤਿਹਾਸ ਅਤੇ ਮਿਥਿਹਾਸ ਦੀ ਵਰਤਮਾਨ ਪ੍ਰਸੰਗ ਵਿੱਚ ਕਿਸ ਤਰ੍ਹਾਂ ਪੁਨਰ ਸਿਰਜਣਾ ਹੋਈ ਹੈ ? ਵਿਸਥਾਰ ਸਹਿਤ ਚਰਚਾ ਕਰੋ। 15

**ਭਾਗ–ਪੰਜਵਾਂ**

9. (i) ਪੰਜਾਬੀ ਦੀ ਪ੍ਰਤੀਮਾਨਮੂਲਕ ਕਹਾਣੀ ਬਾਰੇ ਨੋਟ ਲਿਖੋ।
   (ii) ਕਥਾ ਦ੍ਰਿਸ਼ਟੀ ਅਤੇ ਕਥਾ ਵਸਤੂ ਵਿੱਚ ਕੀ ਅੰਤਰ ਹੈ ?
   (iii) ਉੱਤਮ ਪੁਰਖੀ ਬਿਰਤਾਂਤ ਸ਼ੈਲੀ ਤੋਂ ਕੀ ਭਾਵ ਹੈ ?
   (iv) 'ਜਹਾਜ਼ ਵਾਲੀ ਟੈਂਕੀ' ਕਹਾਣੀ ਵਿੱਚ ਮੁੱਖ ਪਾਤਰ ਦਲਜਿੰਦਰ ਸਿੰਘ ਦੀ ਕੀ ਤ੍ਰਾਸਦੀ ਹੈ ?
   (v) 'ਜੜ੍ਹਾਂ' ਕਹਾਣੀ ਵਿੱਚ ਮੈਂ ਪਾਤਰ ਦੇ ਪਿੰਡ ਦੀ ਅੱਲ 'ਕਾਰਖਾਨਾ' ਕਿਵੇਂ ਪਈ ?
   (vi) 'ਚੂੜੇ ਵਾਲੀ ਬਾਂਹ' ਵਿਚਲੇ ਪਾਤਰ ਵਿਆਹ ਕਰਵਾਉਣ ਲਈ ਕਿਹੜੀਆਂ-ਕਿਹੜੀਆਂ ਜੁਗਤਾਂ ਵਰਤਦੇ ਹਨ ?
   (vii) ਮਨਮੋਹਨ ਬਾਵਾ ਦੀਆਂ ਕਹਾਣੀਆਂ ਦੀ ਮੁੱਖ ਵਿਸ਼ੇਸ਼ਤਾ ਕੀ ਹੈ ?
   (viii) 'ਛਾਹ ਵੇਲਾ' ਕਹਾਣੀ ਦੀ ਮੁੱਖ ਸਮੱਸਿਆ ਕੀ ਹੈ ?
   (ix) ਵਰਿਆਮ ਸੰਧੂ ਦੀਆਂ ਕਹਾਣੀਆਂ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਦੱਸੋ।
   (x) 'ਇੱਕ ਪੈਰ ਵਾਲਾ ਘਰ' ਕਹਾਣੀ ਦੇ ਨਾਰੀਵਾਦੀ ਪਰਿਪੇਖ ਉੱਤੇ ਨੋਟ ਲਿਖੋ। $10 \times 2 = 20$



www.a2zpapers.com
www.a2zpapers.com
www.a2zpapers.com
oad free old Question papers gndu, ptu hp board, punjab